## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਐਸ.ਏ.ਐਸ. ਨਗਰ।

### (ਸੇਵਾਵਾਂ-1 ਸਾਖਾ)

ਸੇਵਾ ਵਿਖੇ,

ਸਰਵ ਸ੍ਰੀ/ਸ੍ਰੀਮਤੀ

1 ਨਰੇਸ਼ ਕੁਮਾਰ, ਕਲਰਕ, ਪੁੱਤਰ ਸ੍ਰੀ ਹੇਮ ਰਾਜ ਗਰਗ, ਦਫਤਰ ਜਨਰਲ ਮੈਨੇਜਰ ਪੰਜਾਬ ਰੋਡਵੇਜ , ਸ੍ਰੀ ਮੁਕਤਸਰ ਸਾਹਿਬ।

2 ਪਰਮਿੰਦਰ ਸਿੰਘ, ਕਲਰਕ, ਪੁੱਤਰ ਸ੍ਰੀ ਜਗਜੀਤ ਸਿੰਘ, ਦਫਤਰ ਜਨਰਲ ਮੈਨੇਜਰ, ਪੰਜਾਬ ਰੋਡਵੇਜ, ਸ੍ਰੀ ਮੁਕਤਸਰ ਸਾਹਿਬ। (ਡਾਇਰੈਕਟਰ ਸਟੇਟ ਟ੍ਰਾਂਸਪੋਰਟ , ਪੰਜਾਬ, ਚੰਡੀਗੜ੍ਹ।)

3 ਧਰਮਿੰਦਰ ਸਿੰਘ, ਕਲਰਕ, ਪੁੱਤਰ ਸ੍ਰੀ ਮੋਹਨ ਸਿੰਘ, ਦਫਤਰ ਬੀ.ਪੀ.ਈ.ਓ, ਸੁਨਾਮ-2 (ਜਿਲ੍ਹਾ ਸਿਖਿਆ ਅਫਸਰ, ਸੰਗਰੂਰ)

4 ਸ਼ਿਵ ਕੁਮਾਰ, ਕਲਰਕ, ਪੁੱਤਰ ਸ੍ਰੀ ਰਾਮ ਚੰਦ, ਦਫਤਰ ਈ.ਐਸ.ਆਈ ਡਿਸਪੈਂਸਰੀ ਨੰ:1, ਮਲੋਟ, ਸ੍ਰੀ ਮੁਕਤਸਰ ਸਾਹਿਬ। (ਸਿਹਤ ਵਿਭਾਗ , ਪੰਜਾਬ। )

5 ਜੋਤੀ ਸ਼ਰਮਾ, ਕਲਰਕ,ਪੁੱਤਰੀ ਸ੍ਰੀ ਪ੍ਰਕਾਸ਼ ਚੰਦ ਸਰਮਾ, ਦਫਤਰ ਪੰਜਾਬ ਸਟੇਟ ਕਾਨੂੰਨੀ ਸੇਵਾਵਾਂ ਅਥਾਰਿਟੀ, ਐਸ.ਏ.ਐਸ ਨਗਰ।

6 ਧਰਮਪਾਲ, ਕਲਰਕ, ਪੁੱਤਰ ਸ੍ਰੀ ਓਮਾ ਨੰਦ, ਦਫਤਰ ਪੰਜਾਬ ਲੀਗਲ ਸਰਵਿਸਜ਼ ਅਥਾਰਿਟੀ, ਐਸ.ਏ.ਐਸ ਨਗਰ।

7 ਜਗਜੀਤ ਸਿੰਘ, ਕਲਰਕ, ਪੁੱਤਰ ਸ੍ਰੀ ਬਲਵੰਤ ਸਿੰਘ, ਦਫਤਰ ਜਨਰਲ ਮੈਨੇਜਰ ਪੰਜਾਬ ਰੋਡਵੇਜ , ਮੋਗਾ।

8 ਰਣਜੀਤ ਬਾਵਾ, ਕਲਰਕ, ਪਤਨੀ ਸ੍ਰੀ ਯਾਦਵਿੰਦਰ ਸਿੰਘ, ਦਫਤਰ ਸਿਵਲ ਜੱਜ, ਜੂਨੀਅਰ ਡਵੀਜਨ, ਪਟਿਆਲਾ (ਜਿਲ੍ਹਾ ਅਤੇ ਸੈਸਨ ਕੋਰਟ, ਪਟਿਆਲਾ।)

9 ਸੋਮ ਨਾਥ, ਕਲਰਕ, ਪੁੱਤਰ ਸ੍ਰੀ ਜਸਵੰਤ ਸਿੰਘ, ਦਫਤਰ ਜੂਡੀਸ਼ਿਅਲ ਮੈਜਿਸਟ੍ਰੇਟ, ਲੁਧਿਆਣਾ। (ਜਿਲਾ ਅਤੇ ਸੈਸਨ ਜੱਜ, ਲੁਧਿਆਣਾ)

10 ਮਨੀਸ਼ਾ ਸ਼ਰਮਾ, ਕਲਰਕ, ਪੁੱਤਰੀ ਸ੍ਰੀ ਅਨਿਲ ਕੁਮਾਰ, ਦਫਤਰ ਜਿਲਾ ਅਤੇ ਸੈਸਨ ਜੱਜ, ਸੰਗਰੂਰ।

11 ਬਰਿੰਦਰ ਸਿੰਘ, ਕਲਰਕ, ਪੁੱਤਰ ਸ੍ਰੀ ਮਲ੍ਹਾਗਰ ਸਿੰਘ, ਦਫਤਰ ਡਾਇਰੈਕਟੋਰੇਟ ਯੁਵਕ ਸੇਵਾਵਾਂ, ਪੰਜਾਬ, ਚੰਡੀਗੜ੍ਹ

12 ਸੁਖਵਿੰਦਰ ਸਿੰਘ, ਕਲਰਕ, ਪੁੱਤਰ ਸ੍ਰੀ ਰਘੁਬੀਰ ਸਿੰਘ, ਦਫਤਰ ਜਿਲਾ ਅਤੇ ਸੈਸ ਜੱਜ, ਲੁਧਿਆਣਾ।

13 ਵਿਕਾਸ ਗਰਗ, ਕਲਰਕ, ਪੁੱਤਰ ਸ੍ਰੀ ਹੰਸ ਰਾਜ ਗਰਗ, ਦਫਤਰ ਜਿਲਾ ਅਤੇ ਸੈਸਨ ਜੱਜ, ਲੁਧਿਆਣਾ।

14 ਸਰਬਜੋਤ ਸਿੰਘ, ਕਲਰਕ, ਪੁੱਤਰ ਸ੍ਰੀ ਬਲਵਿੰਦਰ ਸਿੰਘ, ਦਫਤਰ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਿਟੀ, ਐਸ.ਏ.ਐਸ ਨਗਰ।

15 ਜਸਵਿੰਦਰ ਕੌਰ, ਕਲਰਕ, ਪੁੱਤਰੀ ਸ੍ਰੀ ਪਾਲ ਸਿੰਘ, ਦਫਤਰ ਜਿਲਾ ਅਤੇ ਸੈਸਨ ਜੱਜ, ਰੂਪਨਗਰ ( ਦਫਤਰ ਪੰਜਾਬ ਲੀਗਲ ਸਰਵਿਸਜ਼ ਅਥਾਰਿਟੀ, ਰੂਪਨਗਰ)

16 ਬਲਵਿੰਦਰ ਸਿੰਘ, ਕਲਰਕ, ਪੁੱਤਰ ਸ੍ਰੀ ਮਾਹੇਰ ਸਿੰਘ, ਸਸਸਸ ਚੰਦੂ ਮਾਜਰਾ, ਪਟਿਆਲਾ (ਜਿਲਾ ਸਿਖਿਆ ਅਫਸਰ (ਸ), ਪਟਿਆਲਾ)

17 ਰਾਜਨ ਕੁਮਾਰ, ਕਲਰਕ, ਪੁੱਤਰ ਸ੍ਰੀ ਵਿਜੇ ਕੁਮਾਰ, ਦਫਤਰ ਸਿਵਲ ਜੱਜ, ਸੀਨੀਅਰ ਡਵੀਜਨ, ਫਿਰੋਜਪੁਰ (ਜਿਲ੍ਹਾ ਅਤੇ ਸੈਸਨ ਜੱਜ, ਫਿਰੋਜਪੁਰ।)

18 ਵਿਜੈ ਕੁਮਾਰ, ਕਲਰਕ, ਪੁੱਤਰ ਸ੍ਰੀ ਰਾਮ ਦਿਆਲ, ਦਫਤਰ ਜਿਲ੍ਹਾ ਅਤੇ ਸੈਸ਼ਨ ਜੱਜ, ਫਿਰੋਜ਼ਪੁਰ।

19 ਰਣਜੀਤ ਸਿੰਘ, ਕਲਰਕ, ਪੁੱਤਰ ਸ੍ਰੀ ਕਸ਼ਮੀਰ ਸਿੰਘ, ਦਫਤਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ , ਜਲੰਧਰ। ( ਪੰਜਾਬ ਕਾਨੂੰਨੀ ਸੇਵਾਵਾ ਅਥਾਰਿਟੀ ਐਸ.ਏ.ਐਸ ਨਗਰ)

20 ਗੁਰਦੀਪ ਸਿੰਘ, ਕਲਰਕ, ਪੁੱਤਰ ਸ੍ਰੀ ਸ਼ਮਸ਼ੇਰ ਸਿੰਘ, ਦਫਤਰ ਜਿਲਾ ਕਾਨੂੰਨੀ ਸੇਵਾਵਾ ਅਥਾਰਿਟੀ, ਮੋਗਾ (ਪੰਜਾਬ ਕਾਨੂੰਨੀ ਸੇਵਾਵਾ ਅਥਾਰਿਟੀ,ਐਸ.ਏ.ਐਸ ਨਗਰ।)

21 ਨਵਗਗਨਦੀਪ ਸਿੰਘ, ਕਲਰਕ, ਪੁੱਤਰ ਸ੍ਰੀ ਜੀਵਨ ਸਿੰਘ, ਦਫਤਰ ਜਿਲ੍ਹਾ ਅਤੇ ਸੈਸਨ ਜੱਜ, ਫਿਰੋਜਪੁਰ।

22 ਵਿਕਰਮਜੀਤ ਕੁਮਾਰ, ਕਲਰਕ, ਪੁੱਤਰ ਸ੍ਰੀ ਤਰਸੇਮ ਰਾਮ, ਦਫਤਰ ਡਾਇਰੈਕਟੋਰੇਟ ਯੁਵਕ ਸੇਵਾਵਾਂ, ਸੈਕਟਰ 42-ਏ, ਚੰਡੀਗੜ੍ਹ।

23 ਸ਼ਿਵਾਲਿਕਾ ਸ਼ਰਮਾ, ਕਲਰਕ, ਪੁੱਤਰੀ ਸ਼੍ਰੀ ਗੁਲਸ਼ਨ ਕੁਮਾਰ, ਸਸਸਸ ਸਿਆਲਬਾ, ਐਸ.ਏ.ਐਸ ਨਗਰ।

24 ਰਵਿੰਦਰ ਸਿੰਘ, ਪੁੱਤਰ ਸ੍ਰੀ ਨਰੰਜਣ ਸਿੰਘ, ਦਫਤਰ ਜਿਲ੍ਹਾ ਅਤੇ ਸੈਸ਼ਨ ਜੱਜ, ਬਰਨਾਲਾ।

25 ਜਸਪਾਲ ਸਿੰਘ, ਕਲਰਕ, ਪੁੱਤਰ ਸ੍ਰੀ ਜਸਵੰਤ ਸਿੰਘ, ਦਫਤਰ ਜਿਲ੍ਹਾ ਅਤੇ ਸੈਸ਼ਨ ਜੱਜ,ਪਟਿਆਲਾ।

26 ਪ੍ਰਿੰਸ ਕੁਮਾਰ, ਕਲਰਕ, ਪੁੱਤਰ ਸ੍ਰੀ ਬਾਲ ਕ੍ਰਿਸ਼ਨ, ਦਫਤਰ ਬੀ.ਪੀ.ਈ.ਓ, ਸਰਹੰਦ-3, ਅਮਲੋਹ ਫਤਹਿਗੜ੍ਹ ਸਾਹਿਬ (ਜਿਲ੍ਹਾ ਸਿਖਿਆ ਅਫਸਰ (ਸ), ਫਤਿਹਗੜ੍ਹ ਸਾਹਿਬ।)

27 ਨਿਸ਼ਾਂਤ ਕੁਮਾਰ, ਕਲਰਕ,ਪੁੱਤਰ ਸ੍ਰੀ ਚੰਦਰ ਭੂਸਣ, ਦਫਤਰ ਜਿਲ੍ਹਾ ਸਿਖਿਆ ਅਫਸਰ (ਸ), ਬਠਿੰਡਾ।

28 ਜਤਿੰਦਰ ਸਿੰਘ, ਕਲਰਕ, ਪੁੱਤਰ ਸ੍ਰੀ ਅਮਰਜੀਤ ਸਿੰਘ, ਦਫਤਰ ਜਿਲ੍ਹਾ ਅਤੇ ਸੈਸਨ ਜੱਜ, ਮੋਗਾ।

29 ਹਰਜੀਤ ਕੌਰ, ਕਲਰਕ, ਪਤਨੀ ਸ੍ਰੀ ਰਾਜਨ ਕੌਂਥ, ਦਫਤਰ ਸਿਵਲ ਜੱਜ, ਸੀਨੀਅਰ ਡਵੀਜਨ, ਸੰਗਰੂਰ (ਜਿਲ੍ਹਾ ਅਤੇ ਸੈਸ਼ਨ ਜੱਜ, ਸੰਗਰੂਰ)

ਮੀਮੋ ਨੰ: 11/03-07 ਸੇ-1(3)

ਮਿਤੀ: 19-12-17

ਵਿਸ਼ਾ:- **ਬਦਲੀ ਦੀ ਵਿੱਧੀ ਰਾਹੀਂ ਕਲਰਕ ਦੀ ਅਸਾਮੀ ਲਈ ਨਿਯੁਕਤੀ ਪੱਤਰ ਜਾਰੀ ਕਰਨ ਬਾਰੇ।**

ਪੰਜਾਬ ਸਰਕਾਰ ਦੇ ਪੱਤਰ ਨੰ: 11/105/98-4 ਪੀ.ਪੀ.2 /14420 ਮਿਤੀ 21-11-2002, 11/105/98-4ਪੀ.ਪੀ.2 /15774 ਮਿਤੀ 13-12-2004 ਅਤੇ 11/39/2005-4ਪੀ.ਪੀ.2 /9799 ਮਿਤੀ 18-07-2005, ਅਤੇ ਪੱਤਰ ਨੰ: 3/1/2011/5 ਐਫ.ਈ.1/301 ਮਿਤੀ 21.02.2011 ਅਤੇ ਪੱਤਰ ਨੰ: 7/52/2010/4 ਐਫ.ਪੀ.1/526 ਮਿਤੀ 28-07-2011 ਅਤੇ ਪੰਜਾਬ ਸਿਵਲ ਸੇਵਾਵਾਂ ਜਿਲਦ-1, ਭਾਗ 1 ਦੇ ਨਿਯਮ 2.20 ਅਤੇ 4.4 ਵਿੱਚ ਸਰਕਾਰ ਦੀ ਅਧਿਸੂਚਨਾ ਨੰ: 7/204/2012-4 ਐਫ.ਪ.1/66 ਮਿਤੀ 15.01.15 ਅਤੇ 1/6/2016-4ਪੀ.ਪੀ.1/834680/1 ਮਿਤੀ 07-09.16 ਰਾਹੀਂ ਕੀਤੇ ਗਏ ਉਪਬੰਧਾਂ ਅਨੁਸਾਰ ਬਦਲੀ ਦੀ ਵਿੱਧੀ ਰਾਹੀਂ ਪੇ ਸਕੇਲ 10300-34800+3200 ਵਿਚ ਆਪ ਨੂੰ ਇਸ ਵਿਭਾਗ ਵਿੱਚ ਬਤੌਰ ਕਲਰਕ ਦੀ ਅਸਥਾਈ ਨਿਯੁਕਤੀ ਦੀ ਪੇਸਕਸ ਹੇਠ ਲਿਖੀਆਂ ਸ਼ਰਤਾਂ ਅਧੀਨ ਕੀਤੀ ਜਾਂਦੀ ਹੈ:-

1. ਇਹ ਨਿਯੁਕਤੀ ਬਿਲਕੁੱਲ ਅਸਥਾਈ ਅਸਾਮੀ ਤੇ ਹੈ ਜਿਸ ਦੀ ਕਿਸੇ ਵੀ ਸਮੇਂ ਸਮਾਪਤ ਹੋਣ ਦੀ ਸੰਭਾਵਨਾ ਹੈ ਅਤੇ ਇਸ ਨਾਲ ਪੱਕੀ ਨੌਕਰੀ ਦਾ ਕੋਈ ਇਕਰਾਰ ਨਹੀਂ ਹੈ। ਸਿੱਟੇ ਵਜੋਂ ਉਸਨੂੰ ਬਿਨ੍ਹਾ ਨੋਟਿਸ ਦਿੱਤੇ ਹਟਾਇਆ ਜਾ ਸਕਦਾ ਹੈ ਜਾਂ ਮੂਲ ਵਿਭਾਗ ਨੂੰ ਵਾਪਸ ਕੀਤਾ ਜਾ ਸਕਦਾ ਹੈ।

2. ਇਹ ਨਿਯੁਕਤੀ ਇੱਕ ਸਾਲ ਦੇ ਸਮੇਂ ਲਈ ਪਰਖਕਾਲ ਸਮੇਂ ਅਧੀਨ ਹੋਵੇਗੀ। ਇਹ ਵੀ ਸਪੱਸਟ ਕੀਤਾ ਜਾਂਦਾ ਹੈ ਕਿ ਪਰਖ ਕਾਲ ਸਮੇਂ ਦੌਰਾਨ ਆਪ ਨੂੰ 10300-34800+3200 ਦੇ ਤਨਖਾਹ ਸਕੇਲ ਮੁੱਢਲੀ ਤਨਖਾਹ ਬਿਨ੍ਹਾਂ ਹੋਰ ਮਿਲਨਯੋਗ ਭੱਤਿਆਂ ਤੋਂ ਜੋ ਕਿ 10300 ਹੈ, ਹੀ ਮਿਲੇਗੀ ਪ੍ਰੰਤੂ ਆਪ ਦੇ ਪਿਛਲੇ ਵਿਭਾਗ ਵਿਚ ਪੱਕਾ ਹੋਣ, ਅਤੇ ਉਸ ਵਿਭਾਗ ਵਿਚ ਆਪ ਦਾ ਲੀਅਨ ਹੋਣ ਦੀ ਸੂਰਤ ਵਿਚ ਸਰਕਾਰ ਦੀਆਂ ਹਦਾਇਤਾਂ ਮਿਤੀ 15-01-15 ਅਨੁਸਾਰ ਆਪ ਵੱਲੋਂ ਪਿਛਲੇ ਵਿਭਾਗ ਵਿਚ ਲਈ ਜਾਂਦੀ ਤਨਖਾਹ ਪ੍ਰੋਬੇਸ਼ਨ ਸਮੇਂ ਦੌਰਾਨ ਪ੍ਰੋਟੈਕਟ ਕੀਤੀ ਜਾਵੇਗੀ।

3. ਕਿ ਆਪ ਨੂੰ ਹਾਜਰ ਹੋਣ ਤੋਂ ਪਹਿਲਾਂ ਆਪਣੀ ਪੱਕੀ ਰਿਹਾਇਸ਼ ਦੇ ਜਿਲ੍ਹੇ ਦੇ ਸਿਵਲ ਸਰਜਨ ਜਾਂ ਸਿਵਲ ਸਰਜਨ, ਐਸ.ਏ.ਐਸ ਨਗਰ ਪਾਸੋਂ ਆਪਣਾ ਮੈਡੀਕਲ ਕਰਵਾਉਣ ਉਪਰੰਤ ਫਿਟਨੈਸ ਸਰਟੀਫਿਕੇਟ ਵੀ ਪੇਸ਼ ਕਰੇਗਾ/ਕਰੇਗੀ, ਜਿਸ ਵਿੱਚ ਦਰਜ ਹੋਵੇ ਕਿ ਉਹ ਕਲੱਰਕ ਦੀ ਨੌਕਰੀ ਕਰਨ ਲਈ ਫਿੱਟ ਹੈ। ਜੇਕਰ ਮੌਜੂਦਾ ਸੇਵਾ ਵਿੱਚ ਆਉਣ ਸਮੇਂ ਅਜਿਹਾ ਮੈਡੀਕਲ ਫਿਟਨੈਸ ਸਰਟੀਫਿਕੇਟ ਪ੍ਰਾਪਤ ਕੀਤਾ ਹੋਵੇ ਤਾਂ ਉਹ ਹਾਜਰ ਹੋਣ ਸਮੇਂ ਅਸਲ ਪੇਸ ਕਰਨਾ ਹੋਵੇਗਾ।

4. ਕਿ ਆਪ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸ਼ਰਤਾਂ ਸੇਵਾਵਾ) ਨਿਯਮਾਂਵਲੀ 1994 ਦੇ ਸੋਧੇ ਨਿਯਮ 15 ਵਿਚ ਕਲਰਕ ਦੀ ਅਸਾਮੀ ਲਈ ਨਿਰਧਾਰਿਤ ਯੋਗਤਾਵਾਂ

ਪੂਰੀਆਂ ਕਰਦੇ ਹੋਣੇ ਚਾਹੀਦੇ ਹਨ ਅਤੇ ਆਪ ਨੂੰ ਹਾਜਰ ਹੋਣ ਦੀ ਆਗਿਆ ਦੇਣ ਤੋਂ ਪਹਿਲਾ ਉਪਰੋਕਤ ਨਿਯਮ ਵਿਚ ਦਰਜ ਸਾਰੇ ਦਸਤਾਵੇਜ ਪੇਸ ਕਰਨੇ ਹੋਣਗੇ। ਉਪਰੋਕਤ ਚਲੰਤ ਨਿਯਮ ਦੀ ਇਕ ਕਾਪੀ ਆਪ ਦੀ ਜਾਣਕਾਰੀ ਲਈ ਇਸ ਪੱਤਰ ਦੇ ਅਨੁਲਾਗ-1 ਤੇ ਨੱਥੀ ਕੀਤੀ ਜਾਂਦੀ ਹੈ।

5. ਕਿ ਉਹ ਕਿਸੇ ਮੌਕੇ ਤੇ ਆਪਣੀ ਨੌਕਰੀ ਤੋਂ ਅਸਤੀਫਾ ਦੇਣਾ ਚਾਹੇ ਤਾਂ ਉਸ ਲਈ ਲਾਜਮੀ ਹੋਵੇਗਾ ਕਿ ਉਹ ਵਿਭਾਗ ਨੂੰ ਇੱਕ ਮਹੀਨੇ ਦਾ ਨੋਟਿਸ ਦੇਵੇ ਜਾਂ ਉਸ ਦੇ ਬਦਲੇ ਉਸ ਨੂੰ ਸਾਰੇ ਭੱਤਿਆ ਸਮੇਤ ਇੱਕ ਮਹੀਨੇ ਦੀ ਜਾਂ ਉਨ੍ਹੇ ਦਿਨਾ ਦੀ ਜਿੰਨ ਦਿਨ ਇਕ ਮਹੀਨੇ ਤੋਂ ਘੱਟ ਹੋਣਗੇ, ਤਨਖਾਹ ਜਮਾਂ ਕਰਾਉਣੀ ਪਵੇਗੀ। ਉਪਰੋਕਤ ਦਰਸਾਈ ਸਰਤ ਨੰ: 1 ਵਿੱਚ ਦੱਸੇ ਕਾਰਣ ਸਿਵਾਏ ਕਿਸੇ ਹੋਰ ਕਾਰਨ ਲਈ ਉਸ ਨੂੰ ਨੌਕਰੀ ਤੋਂ ਜਵਾਬ ਦੇਣਾ ਪਿਆ ਤਾਂ ਸਰਕਾਰ/ਵਿਭਾਗ ਵੀ ਉਸ ਨੂੰ ਅਜਿਹਾ ਨੋਟਿਸ ਦੇਵੇਗਾ। ਅਨੁਸਾਸਨੀ ਕਾਰਵਾਈ ਦੀ ਸੂਰਤ ਵਿੱਚ ਉਸ ਨੂੰ ਨੌਕਰੀ ਤੋਂ ਅਲੱਗ ਕਰਨ ਸਮੇਂ ਆਪਣੀ ਸਫਾਈ ਪੇਸ਼ ਕਰਨ ਦਾ ਮੌਕਾ ਦਿੱਤਾ ਜਾਵੇਗਾ ਅਤੇ ਅਜਿਹੇ ਹਾਲਾਤ ਵਿੱਚ ਇੱਕ ਮਹੀਨੇ ਦੇ ਨੋਟਿਸ ਵਾਲੀ ਸਰਤ ਲਾਗੂ ਨਹੀਂ ਹੋਵੇਗੀ।

6. ਕਿ ਇਹ ਸਪੱਸਟ ਰੂਪ ਵਿੱਚ ਦੱਸਿਆ ਜਾਂਦਾ ਹੈ ਕਿ ਉਹ ਪਹਿਲਾਂ ਪ੍ਰਵਾਨਗੀ ਲਏ ਬਿਨ੍ਹਾਂ ਕਿਸੇ ਪ੍ਰਕਾਰ ਦੀ ਉਚੇਰੀ ਵਿਦਿਆ ਹਾਸਲ ਨਹੀਂ ਕਰੇਗਾ। ਉਚੇਰੀ ਵਿਦਿਆ ਲਈ ਕਿਸੇ ਕਿਸਮ ਦੀ ਛੁੱਟੀ ਨਹੀਂ ਦਿੱਤੀ ਜਾਵੇਗੀ।

7. ਕਿ ਉਹ ਪੰਜਾਬ ਸਰਕਾਰ ਦੇ ਪੱਤਰ ਨੰ: 11/105/98-4 ਪੀ.ਪੀ.2 /14420 ਮਿਤੀ 21-11-2002, 11/105/98-4ਪੀ.ਪੀ.2 /15774 ਮਿਤੀ 13-12-2004 ਅਤੇ 11/39/2005-4ਪੀ.ਪੀ.2 /9799 ਮਿਤੀ 18-07-2005, ਅਤੇ ਪੱਤਰ ਨੰ: 3/1/2011/5 ਐਫ.ਈ.1/301 ਮਿਤੀ 21.02.2011 ਅਤੇ ਪੱਤਰ ਨੰ: 7/52/2010/4 ਐਫ.ਪੀ.1/526 ਮਿਤੀ 28-07-2011 ਅਤੇ ਪੰਜਾਬ ਸਿਵਲ ਸੇਵਾਵਾਂ ਜਿਲਦ-1, ਭਾਗ 1 ਦੇ ਨਿਯਮ 2.20 ਅਤੇ 4.4 ਵਿੱਚ ਸਰਕਾਰ ਦੀ ਅਧਿਸੂਚਨਾ ਨੰ: 7/204/2012-4 ਐਫ.ਪ.1/66 ਮਿਤੀ 15.01.15 ਵਿੱਚ ਦਰਜ ਸਰਤਾਂ ਪੂਰੀ ਕਰਦਾ ਹੋਵੇ। ਜੇਕਰ ਕਿਸੇ ਸਮੇਂ ਵੀ ਵਿਭਾਗ ਦੇ ਨੋਟਿਸ ਵਿੱਚ ਆਇਆ ਕਿ ਉਹ ਉੱਪਰ ਦਰਸਾਏ ਪੱਤਰਾਂ ਦੀਆਂ ਸਰਤਾਂ ਪੂਰੀਆਂ ਨਹੀਂ ਕਰਦੇ ਤਾਂ ਉਸ ਦੀਆਂ ਸੇਵਾਵਾਂ ਇੱਕ ਮਹੀਨੇ ਦਾ ਨੋਟਿਸ ਦੇ ਕੇ ਖਤਮ ਕਰ ਦਿੱਤੀਆਂ ਜਾਣਗੀਆਂ।

8. ਕਿ ਉਹ ਵਿਆਹੇ ਹੋਣ ਦੀ ਸੂਰਤ ਵਿੱਚ ਉਸ ਦਾ ਇੱਕ ਪਤੀ/ਪਤਨੀ, ਜਿਉਂਦਾ/ਜਿਉਂਦੀ ਹੋਵੇ, ਜੇਕਰ ਉਸ ਦੇ ਪਤਨੀ/ਪਤੀ ਇੱਕ ਤੋਂ ਵੱਧ ਹੋਣ ਤਾਂ ਉਸ ਨੂੰ ਨਿਯੁਕਤੀ ਦੀ ਉੱਚਿਤਤਾ ਸਿੱਧ ਕਰਨੀ ਹੋਵੇਗੀ।

9. ਕਿ ਨੌਕਰੀ ਤੇ ਹਾਜਰ ਹੋਣ ਲਈ ਉਸ ਨੂੰ ਕੋਈ ਸਫਰੀ ਭੱਤਾ ਨਹੀਂ ਦਿੱਤਾ ਜਾਵੇਗਾ।

10. ਕਿ ਹਾਜਰ ਹੋਣ ਤੋਂ ਪਹਿਲਾਂ ਜੇਕਰ 12 ਮਹੀਨੇ ਵਿੱਚ ਚੇਚਕ ਦਾ ਟੀਕਾ ਨਹੀਂ ਲਗਵਾਇਆ ਤਾਂ ਲਗਵਾਉਣਾ ਪਵੇਗਾ।

11. ਕਿ ਇਹ ਨਿਯੁਕਤੀ ਇਕ ਸਾਲ ਦੇ ਪਰਖ ਸਮੇਂ (ਪ੍ਰੋਬੇਸ਼ਨਰੀ) ਲਈ ਹੋਵੇਗੀ। ਇਸ ਸਮੇਂ ਦੌਰਾਨ ਜੇਕਰ ਉਸ ਦਾ ਕੰਮ ਅਤੇ ਆਚਰਣ ਤਸੱਲੀਬਖਸ ਨਾ ਪਾਇਆ ਗਿਆ, ਤਾਂ ਬਿਨ੍ਹਾਂ ਨੋਟਿਸ ਦਿੱਤੇ ਉਸਨੂੰ ਉਸਦੇ ਪਿਤਰੀ ਵਿਭਾਗ ਵਿਖੇ ਵਾਪਸ ਭੇਜ ਦਿੱਤਾ ਜਾਵੇਗਾ। ਜੇਕਰ ਪਰਖ ਕਾਲ ਸਮੇਂ ਵਿਚ ਕਿਸੇ ਕਿਸਮ ਦਾ ਵਾਧਾ ਕੀਤਾ ਜਾਂਦਾ ਹੈ ਤਾਂ ਇਹ ਸਮਾਂ ਤਨਖਾਹ ਦੇ ਟਾਈਮ ਸਕੇਲ ਵਿਚ ਨਹੀਂ ਗਿਣਿਆ ਜਾਵੇਗਾ।

12. ਕਿ ਉਸ ਦੀਆਂ ਵਿਦਿਅਕ ਯੋਗਤਾਵਾਂ ਦੇ ਸਰਟੀਫਿਕੇਟ/ਹੋਰ ਸਰਟੀਫਿਕੇਟ ਜਾਅਲੀ ਜਾਂ ਗਲਤ ਪਾਏ ਗਏ ਤਾਂ ਉਸ ਦੀਆਂ ਸੇਵਾਵਾਂ ਬਿਨ੍ਹਾਂ ਕਿਸੇ ਨੋਟਿਸ ਤੋਂ ਖਤਮ ਕਰ ਦਿੱਤੀਆਂ ਜਾਣਗੀਆਂ ਅਤੇ ਉਸ ਵਿਰੁੱਧ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਵੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਵਿਦਿਅਕ ਯੋਗਤਾਵਾ ਦੇ ਸਰਟੀਫਿਕੇਟ/ ਹੋਰ ਸਰਟੀਫਿਕੇਟ ਸਬੰਧਤ ਬੋਰਡ/ਯੂਨੀਵਰਸਿਟੀ/ਸੰਸਥਾ ਪਾਸੋਂ ਵੈਰੀਫਿਕੇਸ਼ਨ ਉਪਰੰਤ ਠੀਕ ਪਾਏ ਜਾਣ ਤੇ ਹੀ ਤਨਖਾਹ ਰਲੀਜ਼ ਕੀਤੀ ਜਾਵੇਗੀ।

13. ਕਿ ਉਸ ਦਾ ਚਾਲ-ਚੱਲਣ/ਪੂਰਵ ਵਿਵਹਾਰ ਅਤੇ ਯੋਗਤਾਵਾਂ ਅਤੇ ਪੱਛੜੀ ਸ਼੍ਰੇਣੀ ਦੇ ਸਰਟੀਫਿਕੇਟਾਂ ਦੀ ਵੈਰੀਫਿਕੇਸਨ ਨਿਯੁਕਤੀ ਪੱਤਰ ਜਾਰੀ ਹੋਣ ਉਪਰੰਤ ਹਾਜਰ ਹੋਣ ਤੋਂ ਤੁਰੰਤ ਬਾਅਦ ਕਰਵਾਈ ਜਾਵੇਗੀ। ਇਹ ਵੈਰੀਫਿਕੇਸਨ ਉਮੀਦਵਾਰ ਦੇ ਆਪਣੇ ਖਰਚੇ ਤੇ ਹੋਵੇਗੀ। ਜੇਕਰ ਵੈਰੀਫਿਕੇਸਨ ਵਿੱਚ ਕੋਈ ਉਣਤਾਈ ਪਾਈ ਗਈ ਤਾਂ ਉਸ ਦੀਆਂ ਸੇਵਾਵਾਂ ਬਿਨ੍ਹਾਂ ਕਿਸੇ ਨੋਟਿਸ ਦੇ ਖਤਮ ਕਰ ਦਿੱਤੀਆਂ ਜਾਣਗੀਆਂ ਅਤੇ ਉਹ ਹਾਜਰ ਹੋਣ ਦੀ ਮਿਤੀ ਤੋਂ ਲੈ ਕੇ ਜਿਸ ਮਿਤੀ ਤੱਕ ਡਿਊਟੀ ਤੇ ਰਹੇਗਾ/ਰਹੇਗੀ ਤੱਕ ਦੀ ਤਨਖਾਹ ਦਾ ਹੱਕਦਾਰ ਨਹੀਂ ਹੋਵੇਗਾ/ਹੋਵੇਗੀ।

14. ਕਿ ਉਸ ਨੂੰ ਭਾਰਤੀ ਸਵਿਧਾਨ ਦਾ ਵਫਾਦਾਰ ਰਹਿਣ ਬਾਰੇ ਲਿਖਤੀ ਤੌਰ ਤੇ ਸਹੁੰ ਚੱਕਣੀ ਪਵੇਗੀ।

15. ਕਿ ਉਸਨੇ ਦੱਸਵੀ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।

16. ਜੇਕਰ ਇਸ ਵਿੱਚ ਕੋਈ ਵੀ ਤੱਥ ਆਪ ਵੱਲੋਂ ਗਲਤ ਦੱਸੇ ਜਾਂਦੇ ਹਨ ਜਾਂ ਛੁਪਾਏ ਜਾਂਦੇ ਹਨ ਤਾਂ ਇਹ ਨਿਯੁਕਤੀ ਦੀ ਪੇਸਕਸ ਰੱਦ ਸਮਝੀ ਜਾਵੇਗੀ ਅਤੇ ਹਾਜਰ ਹੋ ਜਾਣ ਉਪਰੰਤ ਬਿਨ੍ਹਾਂ ਕਿਸੇ ਨੋਟਿਸ ਦੇ ਉਸ ਦੀਆਂ ਸੇਵਾਵਾਂ ਸਮਾਪਤ ਕਰ ਦਿੱਤੀਆਂ ਜਾਣਗੀਆਂ।

17. ਕਿ ਸਰਕਾਰ ਵੱਲੋਂ ਜਾਰੀ ਕੀਤੀ ਨੋਟੀਫਿਕੇਸਨ ਨੰ: 11/94/2002-4ਪੀ.ਪੀ.11/650 ਮਿਤੀ 12.01.2004 ਅਨੁਸਾਰ ਸਬੰਧਤ ਉਮੀਦਵਾਰ ਤੇ ਨਿਊ ਕੰਟਰੀਬਿਊਸਨ ਪੈਨਸਨ ਸਕੀਮ ਲਾਗੂ ਹੋਵੇਗੀ।

ਕਿ ਉਸ ਨੂੰ ਸਰਕਾਰੀ ਸੇਵਾ ਵਿੱਚ ਆਉਣ ਦੇ ਸਾਰੇ ਲਾਭ ਉਸਦੀ ਹਾਜਰੀ ਦੀ ਮਿਤੀ ਤੋਂ ਹੀ ਦਿੱਤੇ ਜਾਣਗੇ।

18. ਕਿ ਉਸ ਨੂੰ ਪਿਤਰੀ ਵਿਭਾਗ ਵਿਚ ਕੀਤੀ ਸੇਵਾ ਦਾ ਵਿੱਤੀ ਲਾਭ (ਭਾਵ ਉਚੇਰੇ ਤਨਖਾਹ ਸਕੇਲ ਦਾ ਲਾਭ) ਅਤੇ ਸੀਨੀਆਰਤਾ ਨਹੀਂ ਦਿੱਤੀ ਜਾਵੇਗੀ।

19. ਕਿ ਉਸ ਨੂੰ ਪਿਤਰੀ ਵਿਭਾਗ ਵਿਚ ਕੀਤੀ ਸੇਵਾ ਦਾ ਵਿੱਤੀ ਲਾਭ (ਭਾਵ ਉਚੇਰੇ ਤਨਖਾਹ ਸਕੇਲ ਦਾ ਲਾਭ) ਅਤੇ ਸੀਨੀਆਰਤਾ ਨਹੀਂ ਦਿੱਤੀ ਜਾਵੇਗੀ।

20. ਕਲਰਕਾਂ ਦੇ ਕਾਡਰ ਵਿਚ ਹਾਜਰ ਹੋਣ ਉਪਰੰਤ ਸਿਖਿਆ ਵਿਭਾਗ ਵਿਚ ਕੰਮ ਕਰ ਰਹੇ ਮੌਜੂਦਾ ਕਲਰਕਾਂ ਤੋਂ ਹੇਠਾਂ ਸੀਨੀਆਰਤਾ ਮੈਰਿਟ ਅਤੇ ਰੂਲਾਂ/ਹਦਾਇਤਾਂ ਅਨੁਸਾਰ ਨਿਰਧਾਰਤ ਕੀਤੀ ਜਾਵੇਗੀ ਅਤੇ ਇਸ ਸਬੰਧ ਵਿਚ ਹਾਜਰੀ ਦੀ ਮਿਤੀ ਨੂੰ ਆਧਾਰ ਨਹੀਂ ਮੰਨਿਆ ਜਾਵੇਗਾ। ਪਿਤਰੀ ਵਿਭਾਗ ਵਿਚ ਕੀਤੀ ਸੇਵਾ ਦਾ ਸੀਨੀਆਰਤਾ ਸਬੰਧੀ ਕਿਸੇ ਤਰ੍ਹਾਂ ਦਾ ਲਾਭ ਨਹੀਂ ਦਿੱਤਾ ਜਾਵੇਗਾ।

21. ਕਰਮਚਾਰੀ ਨੂੰ ਇਹ ਹਲਫੀਆ ਬਿਆਨ ਦੇਣਾ ਪਵੇਗਾ ਕਿ ਉਸ ਨੂੰ ਕਦੇ ਵੀ ਕਿਸੇ ਕ੍ਰਿਮੀਨਲ ਕੇਸ ਵਿਚ ਸਜਾ ਨਹੀਂ ਹੋਈ ਅਤੇ ਨਾ ਹੀ ਕਦੇ ਕਿਸੇ ਰਾਜ ਸਰਕਾਰ ਭਾਰਤ ਸਰਕਾਰ ਜਾਂ ਪਬਲਿਕ ਸੈਕਟਰ ਵਲੋਂ ਉਸ ਦੀਆਂ ਸੇਵਾਵਾਂ ਡਿਸਮਿਸ ਜਾਂ ਰੀਮੂਵ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਇਹ ਵੀ ਅੰਡਰਟੇਕਿੰਗ ਦੇਵੇਗਾ ਕਿ ਵਰਤਮਾਨ ਸਮੇਂ ਉਸ ਵਿਰੁੱਧ ਕੋਈ ਕ੍ਰਿਮੀਨਲ/ਅਦਾਲਤੀ/ ਚੌਕਸੀ ਕੇਸ ਲੰਬਿਤ ਨਹੀਂ ਹੈ।

22. ਇਹ ਨਿਯੁਕਤੀ ਪੱਤਰ ਮਾਨਯੋਗ ਡੀ.ਪੀ.ਆਈ (ਸੈ.ਸਿ) ਜੀ ਵਲੋਂ ਦਿੱਤੀ ਗਈ ਪ੍ਰਵਾਨਗੀ ਨਾਲ ਜਾਰੀ ਕੀਤਾ ਜਾ ਰਿਹਾ ਹੈ।

23. ਕਿ ਜੇਕਰ ਆਪ ਨੂੰ ਉੱਕਤ ਸਰਤਾਂ ਅਧੀਨ ਨਿਯੁਕਤੀ ਦੀ ਪੇਸਕਸ ਸਵੀਕਾਰ ਹੈ ਤਾਂ ਉਹ ਆਪਣੇ ਪਿਤਰੀ ਵਿਭਾਗ/ ਦਫਤਰ ਵਿੱਚੋਂ ਫਾਰਗ ਹੋ ਕੇ ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿ) , ਪੰਜਾਬ (ਮੁੱਖ ਦਫਤਰ), ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਬਲਾਕ-ਈ, ਚੌਥੀ ਮੰਜਿਲ, ਫੇਜ-8, ਐਸ.ਏ.ਐਸ ਨਗਰ ਵਿਖੇ ਨਿਯੁਕਤੀ ਪੱਤਰ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਹਾਜਰੀ ਰਿਪੋਰਟ ਦੇਵੇ। ਅਜਿਹਾ ਨਾ ਕਰਨ ਦੀ ਸੂਰਤ ਵਿਚ ਆਪ ਦੀ ਨਿਯੁਕਤੀ ਰੱਦ ਸਮਝੀ ਜਾਵੇਗੀ।

O/C (ਅਸ਼ੋਕ ਕੁਮਾਰ)
ਸੁਪਰਡੈਂਟ ਸੇਵਾਵਾਂ-1

ਪਿੱਠ ਅੰਕਣ ਨੰ: ਉੱਕਤ — ਮਿਤੀ: ਐਸ.ਏ.ਐਸ. ਨਗਰ: 20.12.17

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪੀ.ਏ.ਟੂ ਡੀ.ਪੀ.ਆਈ (ਸੈਸਿ), ਪੰਜਾਬ।

2) ਰਾਜ ਦੇ ਸਮੂਹ ਸਿਵਲ ਸਰਜਨ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਉਮੀਦਵਾਰ ਦੇ ਡਾਕਟਰੀ ਮੁਆਇਨਾ ਕਰਕੇ, ਇਸ ਮੁਆਇਨੇ ਦੀ ਰਿਪੋਰਟ ਉਸ ਦੇ ਹੱਥਾਂ ਵਿੱਚ ਦਿੱਤੀ ਜਾਵੇ।

3) ਸੁਪਰਡੈਂਟ ਸੇਵਾਵਾਂ-2 ਸਾਖਾ ਦਫਤਰ ਡੀ.ਪੀ.ਆਈ. (ਸੈ:ਸਿ:), ਪੰਜਾਬ, ਐਸ.ਏ.ਐਸ. ਨਗਰ।

4) ਸਮੂਹ ਸਬੰਧਤ ਵਿਭਾਗਾਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਲੜੀ ਨੰ:1 ਤੋਂ 29 ਤੱਕ ਦਰਸਾਏ ਉਮੀਦਵਾਰ ਜੋ ਕਿ ਆਪ ਦੇ ਅਧੀਨ ਕੰਮ ਕਰ ਰਿਹਾ ਹੈ/ ਰਹੀ ਹੈ ਨੂੰ ਤੁਰੰਤ ਰਲੀਵ ਕਰਦੇ ਹੋਏ ਹਦਾਇਤ ਕੀਤੀ ਜਾਵੇ ਕਿ ਉਹ ਆਪਣੀ ਹਾਜਰੀ ਰਿਪੋਰਟ ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈਸਿ ), ਪੰਜਾਬ (ਮੁੱਖ ਦਫਤਰ) ਵਿਖੇ ਤੁਰੰਤ ਪੇਸ ਕਰਨ। ਕਰਮਚਾਰੀਆਂ ਦੇ ਚਾਲ ਚੱਲਣ ਅਤੇ ਪੂਰਵ ਵਿਵਹਾਰ ਦੀ ਪੜਤਾਲ ਦੇ ਵੈਰੀਫਿਕੇਸਨ ਰੋਲ,ਡਾਕਟਰੀ ਮੁਆਇਨੇ ਦਾ ਮੈਡੀਕਲ ਸਰਟੀਫਿਕੇਟ, ਸੇਵਾ ਪੱਤਰੀ ਅਤੇ ਸਲਾਨਾ ਗੁਪਤ ਰਿਪੋਰਟਾਂ ਦੀ ਮਿਸਲ ਅਤੇ ਵਿਦਿਅਕ ਯੋਗਤਾ ਸਰਟੀਫਿਕੇਟਾਂ ਦੀ ਵੈਰੀਫਿਕੇਸਨ ਸਬੰਧੀ ਰਿਪੋਰਟ ਇਸ ਵਿਭਾਗ ਨੂੰ ਭੇਜਣ। ਇਹ ਵੀ ਤਸਦੀਕ ਕੀਤਾ ਜਾਵੇ ਕਿ ਇਨ੍ਹਾਂ ਕਰਮਚਾਰੀਆਂ ਵਿਰੁੱਧ ਵਿਭਾਗੀ ਇਨਕੁਆਰੀ/ ਸਿਕਾਇਤ ਲੰਬਿਤ ਨਹੀਂ ਹੈ।

O/C (ਅਸ਼ੋਕ ਕੁਮਾਰ)
ਸੁਪਰਡੈਂਟ ਸੇਵਾਵਾਂ-1

Annexure-I.

**An extract of Rule 15 of the Punjab Civil Services( General and Common Conditions of Service) Rules, 1994.**

15. **Minimum educational and other qualifications.**-

(1) (i) No person shall be given direct appointment to the post of Clerk under the Punjab Government unless he possesses the Bachelor's Degree from a recognised university or institution; and

(ii) Possesses atleast one hundred and twenty hours course with hands on experience in the use of Personal Computer or Information Technology in Office Productivity applications or Desktop Publishing applications from a Government recognized institution or a reputed institution, which is ISO 9001, certified.

OR

Possesses a Computer information Technology course equivalent to 'O' level certificate of Department of Electronics Accreditation of Computer Courses (DOEACC) of Government of India;

(2) The person so appointed as Clerk in terms of the provisions of sub-rule (1) should have before his appointment passed **a test in English and Punjabi Typewriting respectively on computer, to be conducted by the Board or the appointing authority or the Department of Information Technology, as the case may be, at a speed of thirty words per minute.

Provided that where appointment of Group 'C' non-technical post is offered to a War Hero, who has been discharged from Defence services or dependent member of his family under the instructions issued in this behalf by the Government, the educational qualification to be possessed by such person shall be Graduate from a recognised university or institution. However, such person shall not be required to qualify the test in Punjabi typewriting as specified in sub-rule (2) ".